**ਹੁੱਕਸ ਕਾੱਰ (Hooks Carr) ਵਿੱਚ ਤੁਹਾਡਾ ਸੁਆਗਤ ਹੈ**
**ਨੈਸ਼ਨਲ ਪਾਰਕ ਅਥਾਰਟੀ ਦੇ ਸਟੈਨੇਜ-ਨੋਰਥ ਲੀਸ ਐਸਟੇਟ (Stanage-North Lees Estate) ਦਾ ਹਿੱਸਾ**

**“ਪਹਾੜੀ ਬਲੈਕਬਰਡ” (‘mountain blackbird’) - ਇੱਕ ਖ਼ਾਸ ਦੀ ਸੁਰੱਖਿਆ ਕਰਨਾ**
ਬਸੰਤ ਰੁੱਤ (spring) ਦੌਰਾਨ ਸਟੈਨੇਜ ਐੱਜ (Stanage Edge) ਵਿੱਚ ਅੱਗੇ ਵਧਦੇ ਹੋਏ ਧਿਆਨ ਰੱਖੋ, ਤੁਹਾਨੂੰ ਇੱਕ ਬਹੁਤ ਹੀ ਅਜੀਬੋ-ਗਰੀਬ ਬਲੈਕਬਰਡ ਦੇਖਣ ਨੂੰ ਮਿਲ ਸਕਦਾ ਹੈ - ਪਰ ਹਰ ਚੀਜ਼ ਜਿਵੇਂ ਦਿਸਦੀ ਹੈ ਓਵੇਂ ਦੀ ਹੁੰਦੀ ਨਹੀਂ ਹੈ।

ਰਿੰਗ ਔਜ਼ਲ (ring ouzel) ਜਾਂ ‘ਪਹਾੜੀ ਬਲੈਕਬਰਡ’ ਹਰ ਸਾਲ ਅਫ੍ਰੀਕਾ ਤੋਂ ਸਫਰ ਕਰਕੇ ਗ੍ਰਿਟਸਟੋਨ ਐੱਜ (gritstone edge) ਦੇ ਪਾੜਾਂ ਅਤੇ ਦਰਾਰਾਂ ਵਿੱਚ ਪਰਿਵਾਰ ਦੇ ਪਾਲਣ-ਪੋਸ਼ਣ ਲਈ ਸਟੈਨੇਜ-ਨੋਰਥ ਲੀਸ ਐਸਟੇਟ (Stanage-North Lees Estate) ਤੱਕ ਆਉਂਦਾ ਹੈ।

ਨਰ ਬਲੈਕਬਰਡ ਦੀ ਪਛਾਣ ਛਾਤੀ ‘ਤੇ ਚਿੱਟੇ ਪੈਚ ਅਤੇ ਫੰਗਾਂ ‘ਤੇ ਚਾਂਦੀ-ਰੰਗੀਆਂ ਲਕੀਰਾਂ ਤੋਂ ਹੁੰਦੀ ਹੈ, ਰਿੰਗ ਔਜ਼ਲ (ring ouzel) ਪਹਾੜਾਂ ‘ਤੇ ਰਹਿਣ ਵਾਲੀ ਕਿਸਮ ਹੈ, ਜਿਸ ਦੀ ਆਬਾਦੀ UK ਵਿੱਚ ਘੱਟ ਰਹੀ ਹੈ।

ਉੱਤਰੀ ਇੰਗਲੈਂਡ ਵਿੱਚ ਸਟੈਨੇਜ-ਨੋਰਥ ਲੀਸ ਐਸਟੇਟ (Stanage-North Lees Estate) ਰਿੰਗ ਔਜ਼ਲ (ring ouzel) ਲਈ ਇੱਕ ਮਹੱਤਵਪੂਰਨ ਟਿਕਾਣਾ ਹੈ, ਇਸੇ ਕਰਕੇ ਵਲੰਟੀਅਰ, ਸਾਂਭ-ਸੰਭਾਲ ਮਾਹਰ ਅਤੇ ਚੜ੍ਹਾਈ ਕਰਨ ਵਾਲਾ ਭਾਈਚਾਰਾ ਹਰ ਸਾਲ ਮਿਲਕੇ ਪ੍ਰਜਨਨ ਦੀ ਰੁੱਤ ਦੌਰਾਨ ਘੋਂਸਲੇ ਬਣਾਉਣ ਵਾਲੀਆਂ ਥਾਵਾਂ ਦੀ ਸੁਰੱਖਿਆ ਵਿੱਚ ਮਦਦ ਕਰਦੇ ਹਨ।

**ਕੁਦਰਤੀ ਸਪੰਜ**
ਪਹਾੜਾਂ ਦੀ ਔਟ ਕੁਦਰਤ ਲਈ ਘਰ ਅਤੇ ਕਾਰਬਨ ਦਾ ਮਹੱਤਵਪੂਰਨ ਭੰਡਾਰ ਦੋਹੇਂ ਉਪਲਬਧ ਕਰਾਉਂਦੀ ਹੈ - ਜੋ ਜਲਵਾਯੂ ਪਰਿਵਰਤਨ ਨਾਲ ਨਜਿੱਠਣ ਦੇ ਜਤਨਾਂ ਲਈ ਬਹੁਤ ਮਹੱਤਵਪੂਰਨ ਹੈ।

ਇਹ ਨਿਵਾਸ-ਸਥਾਨ ਸਿਰਫ ਉਦੋਂ ਹੀ ਵਧੀਆ ਕੰਮ ਕਰਦੇ ਹਨ, ਜਦੋਂ ਨਮ ਹੁੰਦੇ ਹਨ, ਇਸੇ ਕਰਕੇ ਤੁਹਾਨੂੰ ਸ਼ਾਇਦ “ਗਲੀ ਬਲੌਕਿੰਗ” (‘gully blocking’) ਦੇਖਣ ਨੂੰ ਮਿਲੇ, ਇਹ ਸਫੈਗਨਮ ਮੋਸ (Sphagnum moss) - ਕੁਦਰਤ ਦੀ ‘ਸੂਪਰ ਸਪੰਜ’ (‘super sponge’) ਦੀ ਰੋਪਾਈ ਦੇ ਨਾਲ-ਨਾਲ ਪਾਣੀ ਦੇ ਵਹਾਅ ਨੂੰ ਧੀਮਾ ਕਰਨ ਅਤੇ ਬਣਾਈ ਰੱਖਣ ਦਾ ਕੰਮ ਕਰਦੇ ਹਨ।

ਇਹਨਾਂ ਸਾਰੀਆਂ ਸਰਗਰਮੀਆਂ ਦਾ ਮਤਲਬ ਹੈ ਕਿ ਪਹਾੜਾਂ ਵਿੱਚ ਪਾਣੀ ਲੰਬੇ ਸਮੇਂ ਲਈ ਰੋਕਿਆ ਜਾਂਦਾ ਹੈ, ਇਹ ਸਾਡੇ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਵਿੱਚ ਪਾਣੀ ਦਾ ਵਹਾਅ ਵਧਣ ਨਾਲ ਆਉਣ ਵਾਲੇ ਹੜ੍ਹ ਦੇ ਅਸਰ ਨੂੰ ਘਟਾਉਣ ਦਾ ਇੱਕ ਮਹੱਤਵਪੂਰਨ ਤਰੀਕਾ ਹੈ।